Annexure "A1"

2006





STATE BANK OF INDIA

Sl. No. 791946

GSR / 001

Mohali Branch Code No. 1828

Received a sum of Rs 1,38,71,000/-

(Rupees One Crore thirty eight lacs seventy one thousand only)

from Smt. / Shri The Wembley's Coop. House Building Society Ltd

s/o, d/o, w/o Sector 91 Mohali through President Sh. Sarvdeep

residing at Singh STATE BANK OF INDIA for credit to Government of Punjab

account towards Stamp Duty.

Date: 19/8/14

Place: MOHALI

(Signatures of Authorised Officer)

1881

ਰੁਬਰੂ ਸਬ-ਰਜਿਸਟਰਾਰ, ਐਸ.ਏ.ਐਸ. ਨਗਰ (ਮੋਹਾਲੀ)

**ਬੈਨਾਮਾ**

ਗਰੁੱਪ ਹਾਊਸਿੰਗ ਸਾਈਟ ਨੰ: 5,
ਸੈਕਟਰ-90-91,
ਜਨਤਾ ਰਿਹਾਇਸ਼ੀ ਟਾਊਨਸ਼ਿਪ
ਐਸ.ਏ.ਐਸ. ਨਗਰ (ਮੋਹਾਲੀ)
ਤਹਿਸੀਲ ਵਾ
ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ),
ਰਕਬਾ: 9632.58 ਵ: ਗਜ:
(ਉਸਾਰੀ ਪੱਖੋਂ ਖਾਲੀ ਸਾਈਟ)

ਬਦਲੇ ਮੁਬਲਿਗ 8,42,85,075/-ਰੁਪਏ

ਕੁੱਲ ਅਸ਼ਟਾਮ 1,38,71,000/-ਰੁਪਏ

ਬੈਅ ਅਸ਼ਟਾਮ ਡਿਊਟੀ 5% = 77,06,100/-ਰੁਪਏ
ਸੋਸ਼ਲ ਸਕਿਊਰਟੀ ਫੰਡ 3% = 46,23,670/-ਰੁਪਏ
ਸੋਸ਼ਲ ਇਨਫਰਾਸਟਰਕਚਰ ਸੈਸ 1% = 15,41,230/-ਰੁਪਏ

ਅਸ਼ਟਾਮ ਡਿਊਟੀ 1,38,71,000/ਰੁਪਏ ਬਰੂਏ ਰਸੀਦ ਨੰ:GSR/001: 791946, ਮਿਤੀ: 19/08/2014, ਰਾਹੀਂ ਸਟੇਟ ਬੈਂਕ ਆਫ ਇੰਡੀਆ, ਫੇਜ਼-1 (ਸੈਕਟਰ-55), ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਜਮ੍ਹਾਂ ਕਰਵਾ ਦਿੱਤੀ ਗਈ ਹੈ।

ਨੋਟ: ਕੁਲੈਕਟਰ ਰੇਟਾਂ ਮੁਤਾਬਿਕ ਉਕਤ ਗਰੁੱਪ ਹਾਊਸਿੰਗ ਸਾਈਟ ਦੀ ਮਾਲੀਅਤ 15,41,21,500/-ਰੁਪਏ ਬਣਦੀ ਹੈ, ਜਿਸ ਅਨੁਸਾਰ ਅਸ਼ਟਾਮ ਡਿਊਟੀ ਅਦਾ ਕੀਤੀ ਗਈ ਹੈ।

For THE WEMBLEY'S CO-OP. HOUSE BUILDING SOCIETY LTD

PRESIDENT

ਰਕਮ ਪੇਸ਼ਗੀ : - ਤਮਾਮ ਰਕਮ -

ਚਲਦਾ ਪੰਨਾ .../2

ਬਾਇਆ : ਜਨਤਾ ਲੈਂਡ ਪਰਮੋਟਰਜ਼ ਲਿਮ:,

ਮਾਰਫਤ : (ਸੁਰਮੁੱਖ ਸਿੰਘ), ਓ.ਐਸ.ਡੀ.

Value- 154,121,500.00 Stamp Duty 12,329,720.00 Registration Fee 30,000.00 Pa

Type of Land Residential

Area of Land 9632 Square yard

Segment Nam ਸੁਹਿਰੀ ਸੈਕਟਰ 90-91

Segment Rate 16,000 ਵਰਗ ਗਜ


Segment Description : ਸੁਹਿਰੀ ਸੈਕਟਰ 90-91

SALE

ਅੱਜ ਮਿਤੀ 08/09/2014 ਦਿਨ Monday ਵਕਤ 1:38:09 PM

ਨੂੰ ਸ੍ਰੀ ਸੁਰਮੁਖ ਸਿੰਘ ਪੇਸ਼ ਕਰਤਾ

ਨੇ ਵਸੀਕਾ ਇਸ ਦਫ਼ਤਰ ਵਿੱਚ ਰਜਿਸਟਰਡ ਕਰਨ ਲਈ ਪੇਸ਼ ਕੀਤਾ।



ਸੁਰਮੁਖ ਸਿੰਘ ਪੇਸ਼ ਕਰਤਾ

ਸਬ ਰਜਿਸਟਰਾਰ

ਐਸ.ਏ.ਐਸ. ਨਗਰ

ਸ੍ਰੀ ਸੁਰਮੁਖ ਸਿੰਘ ਪੇਸ਼ ਕਰਤਾ ਵਸੀਅਤ ਕਰਤਾ/ਮੁਖਤਿਆਰ ਆਮ/ ਮੁਖਤਿਆਰ ਖਾਸ ਨੂੰ ਵਸੀਕੇ ਦੀ ਲਿਖਤ ਪੜਕੇ ਸੁਣਾਈ ਗਈ ,ਜਿਸਨੇ ਲਿਖਤ ਨੂੰ ਸਮਝਕੇ ਠੀਕ ਪ੍ਰਵਾਨ ਕੀਤਾ। ਬੈ / ਰਹਿਣ ਦੀ ਕੁਲ ਰਕਮ ਵਿਚੋਂ 0 ਰੁ: ਮੇਰੇ ਸਾਹਮਣੇ ਨਕਦ/ ਚੈਕ ਰਾਹੀ /ਡਰਾਫਟ ਰਾਹੀਂ ਵਸੂਲ ਕੀਤੇ ।ਦੋਹਾਂ ਧਿਰਾਂ ਦੀ ਗਵਾਹ ਨੰ: ਗੁਰਚਰਨ ਸਿੰਘ ਵਕੀਲ ਅਤੇ ਗਵਾਹ ਨੰ: 2 ਸੁਖਦੇਵ ਸਿੰਘ ਸਨਾਖਤ ਕਰਦੇ ਹਨ । ਮੈ ਪਹਿਲੇ ਗਵਾਹ ਨੂੰ ਜਾਣਦਾ ਹਾਂ ,ਜੋ ਕਿ ਦੂਸਰੇ ਗਵਾਹ ਨੂੰ ਜਾਣਦਾ ਹੈ । ਲਿਹਾਜਾ ਵਸੀਕਾ ਰਜਿਸਟਰਡ ਕੀਤਾ ਜਾਵੇ ।

ਮਿਤੀ 08/09/2014

ਸਬ ਰਜਿਸਟਰਾਰ

ਐਸ.ਏ.ਐਸ. ਨਗਰ

ਗਵਾਹ

1..................

ਗਵਾਹ

2..................

ਪਹਿਲੀ ਧਿਰ

ਦੂਜੀ ਧਿਰ

ਉਕਤ ਨਿਸ਼ਾਨ ਅੰਗੂਠਾ ਅਤੇ ਦਸਤਖਤ ਮੇਰੇ ਰੂਬਰੂ ਕੀਤੇ ਗਏ

ਮਿਤੀ 08/09/2014

ਸਬ ਰਜਿਸਟਰਾਰ

ਐਸ.ਏ.ਐਸ. ਨਗਰ



ਸਵਦੀਪ ਸਿੰਘ

ਵਸੀਕਾ ਨੰ: 1,861 ਜਾਇਦ ਬਹੀ

ਜਿਲਦ ਨੰ: 0 ਦੇ ਸਫਾ ਨੰ:

ਪਰ ਵਸੀਕਾ ਰਜਿਸਟਰਡ ਚਸਪਾ ਕੀਤਾ ਗਿਆ।

ਸਬ ਰਜਿਸਟਰਾਰ

ਐਸ.ਏ.ਐਸ. ਨਗਰ

207



ਰਕਮ ਰੁਬਰੂ ਸਬ ਰਜਿਸਟਰਾਰ : – ਕੋਈ ਨਹੀਂ –

ਮੈਂ, ਸੁਰਮੁੱਖ ਸਿੰਘ ਉਮਰ 49 ਸਾਲ ਪੁੱਤਰ ਸ੍ਰੀ ਰਘਬੀਰ ਸਿੰਘ, ਓ.ਐਸ.ਡੀ., ਮੈ/ਸ: ਜਨਤਾ ਲੈਂਡ ਪਰਮੋਟਰਜ਼ ਲਿਮ:, (ਪੈਨ ਕਾਰਡ ਨੰਬਰ: AABCJ3450D) ਐਸ.ਸੀ.ਓ. 39-42, ਸੈਕਟਰ-82, ਐਸ.ਏ.ਐਸ. ਨਗਰ (ਮੋਹਾਲੀ), ਇਸ ਬੈਨਾਮੇ ਦਾ ਕੁਨਿੰਦਾ ਹਾਂ।

ਇਹ ਕਿ ਮੈਂ, ਮੈ/ਸ: ਜਨਤਾ ਲੈਂਡ ਪਰਮੋਟਰਜ਼ ਲਿਮ:, ਐਸ.ਸੀ.ਓ. 39-42, ਸੈਕਟਰ-82, ਐਸ.ਏ.ਐਸ. ਨਗਰ (ਮੋਹਾਲੀ), ਦਾ ਓ.ਐਸ.ਡੀ. ਹਾਂ ਅਤੇ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਵਲੋਂ ਪਾਸ ਕੀਤੇ ਮੱਤਾ ਮਿਤੀ: 26.02.2008 ਅਨੁਸਾਰ ਮੈਨੂੰ ਕੰਪਨੀ ਵਲੋਂ ਗਰੁੱਪ ਹਾਊਸਿੰਗ ਸਾਈਟ ਨੰ: 5, ਰਕਬਾ 9632.58 ਵ: ਗਜ:, ਜਨਤਾ ਰਿਹਾਇਸ਼ੀ ਟਾਊਨਸ਼ਿਪ, ਸੈਕਟਰ-91, ਐਸ.ਏ.ਐਸ. ਨਗਰ (ਮੋਹਾਲੀ), ਤਹਿਸੀਲ ਵਾ ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦਾ ਬੈਨਾਮਾ ਇਸਦੇ ਅਲਾਟੀ ਦੀ ਵੈਂਬਲੇਸ ਕੋਆਪਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਲਿਮ:, (The Wembley's Co-operative House Building Society Ltd.), (ਪੈਨ ਨੰ: AABTT2117J) ਰਜਿ: ਦਫਤਰ ਕੋਠੀ ਨੰ: 829, ਫੇਜ਼-2 (ਸੈਕਟਰ-54), ਐਸ.ਏ.ਐਸ. ਨਗਰ (ਮੋਹਾਲੀ), ਦੇ ਨਾਮ ਤੇ ਇਸਦੇ ਪ੍ਰੈਜ਼ੀਡੈਂਟ ਸ੍ਰੀ ਸਵਦੀਪ ਸਿੰਘ ਪੁੱਤਰ ਸ੍ਰੀ ਜਸਵਿੰਦਰ ਸਿੰਘ ਵਾਸੀ 4073, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ), ਦੀ ਮਾਰਫਤ ਰਜਿਸਟਰਡ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਉਪਰੋਕਤ ਵਿਕਰੇਤਾ ਕੰਪਨੀ ਨੂੰ ਪੰਜਾਬ ਸਰਕਾਰ ਵੱਲੋਂ ਸੈਕਟਰ-90-91, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਮੈਗਾ ਪ੍ਰੋਜੈਕਟ ਅਧੀਨ "ਜਨਤਾ ਰੈਜੀਡੈਂਸ਼ਲ ਟਾਊਨਸ਼ਿਪ" ਦੇ ਨਾਮ ਅਧੀਨ ਕਲੋਨੀ ਸਥਾਪਤ ਕਰਨ ਦੀ ਮੰਨਜੂਰੀ ਪ੍ਰਾਪਤ ਹੋਈ ਹੈ ਅਤੇ ਉਕਤ ਵਿਕਰੇਤਾ ਕੰਪਨੀ ਵੱਲੋਂ ਪੰਜਾਬ ਸਰਕਾਰ ਦੇ ਰੂਲਾਂ ਮੁਤਾਬਿਕ ਉਪਰੋਕਤ ਮੰਨਜੂਰ ਹੋਈ ਕਲੋਨੀ ਵਿੱਚ ਗਰੁੱਪ ਹਾਊਸਿੰਗ ਸਾਈਟ ਨੰ: 5, ਰਕਬਾ 9632.58 ਵ: ਗਜ:, ਜਨਤਾ ਰਿਹਾਇਸ਼ੀ ਟਾਊਨਸ਼ਿਪ, ਸੈਕਟਰ-91, ਐਸ.ਏ.ਐਸ. ਨਗਰ (ਮੋਹਾਲੀ), ਤਹਿਸੀਲ ਵਾ ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ), ਵੀ ਸ਼ਾਮਲ ਹੈ, ਜੋ ਮੌਕੇ ਤੇ ਇਕ ਖਾਲੀ ਗਰੁੱਪ ਹਾਊਸਿੰਗ ਸਾਈਟ ਹੈ। ਉਕਤ ਗਰੁੱਪ ਹਾਊਸਿੰਗ ਸਾਈਟ ਹਰ ਕਿਸਮ ਦੇ ਭਾਰ ਤੋਂ ਮੁਕਤ ਹੈ ਅਤੇ ਇਸ ਸਬੰਧੀ ਕੋਈ ਲਿਟੀਗੇਸ਼ਨ ਆਦਿ ਨਹੀਂ ਚਲ ਰਹੀ ਹੈ। ਹੁਣ ਮੈਂ ਬਕਾਇਮੀ ਹੋਸ਼ ਹਵਾਸ ਅਤੇ ਦਰੁਸਤੀ ਅਕਲ ਦੇ ਨਾਲ ਬਤੌਰ ਉਕਤ ਵਿਕਰੇਤਾ ਕੰਪਨੀ ਦੇ ਓ.ਐਸ.ਡੀ.

ਚਲਦਾ ਪੰਨਾ...../3.....

ਬਾਇਆ : ਜਨਤਾ ਲੈਂਡ ਪਰਮੋਟਰਜ਼ ਲਿਮ:,

ਸੁਰਮੁੱਖ ਸਿੰਘ

ਮਾਰਫਤ : (ਸੁਰਮੁੱਖ ਸਿੰਘ), ਓ.ਐਸ.ਡੀ.

ਵਜੋਂ ਉਕਤ ਦਰਸਾਈ ਗਰੁੱਪ ਹਾਊਸਿੰਗ ਸਾਈਟ ਨੰ: 5, ਰਕਬਾ 9632.58 ਵ: ਗਜ:, **ਜਨਤਾ ਰਿਹਾਇਸ਼ੀ ਟਾਊਨਸ਼ਿਪ, ਸੈਕਟਰ-91, ਐਸ.ਏ.ਐਸ. ਨਗਰ (ਮੋਹਾਲੀ), ਤਹਿਸੀਲ ਵਾ ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)** ਵਾ ਉਸਦੇ ਜੁਮਲਾ ਹੱਕ ਹਕੂਕ, ਇਖਤਿਆਰਤ ਤੇ ਹੱਕ ਰਾਸਤਾ, ਹੱਕ ਦਾਖਲੀ, ਖਾਰਜ਼ੀ ਮਏ ਹੱਕ ਰਿਹਾਇਸ਼ ਵਾ ਅਸਾਇਸ ਮਏ ਹੱਕ ਪਾਣੀ, ਬਿਜਲੀ, ਹਵਾ, ਰੋਸ਼ਨੀ ਮਏ ਕੁਨੈਕਸ਼ਨ ਹਰ ਕਿਸਮ ਮਏ ਜਮ੍ਹਾਂ ਹੋਈਆਂ ਸਾਰੀਆਂ ਸਿਕਿਉਰਟੀਆਂ ਮਏ ਜੋ ਹੱਕ ਇਸ ਵਕਤ ਮੈਨੂੰ/ਉਕਤ ਵਿਕਰੇਤਾ ਕੰਪਨੀ ਨੂੰ ਹਾਸਲ ਹੁਨ ਵਾਸਤੇ ਤਰੱਕੀ ਹਜਾ ਹੋਰ ਜਾਇਦਾਦ ਲਈ ਬਦਲੇ ਮੁਬਲਿਗ 8,42,85,075/-ਰੁਪਏ (ਅੱਠ ਕਰੋੜ ਬਿਆਲੀ ਲੱਖ ਪਚਾਸੀ ਹਜਾਰ ਪੰਝੱਤਰ ਰੁਪਏ) ਅੱਧੇ ਜਿਨ੍ਹਾਂ ਦੇ 4,21,42,537.50 (ਚਾਰ ਕਰੋੜ ਇੱਕੀ ਲੱਖ ਬਿਆਲੀ ਹਜਾਰ ਪੰਜ ਸੌ ਸੈਂਤੀ ਰੁਪਏ ਪੰਜਾਹ ਪੈਸੇ) ਹੁੰਦੇ ਹਨ, ਵਿਚ ਪਾਸ **ਦੀ ਵੈਂਬਲੇਸ ਕੋਆਪਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਲਿਮ:, (The Wembley's Co-operative House Building Society Ltd.), ਰਜਿ: ਦਫਤਰ ਕੋਠੀ ਨੰ: 829, ਫੇਜ਼-2 (ਸੈਕਟਰ-54), ਐਸ.ਏ.ਐਸ. ਨਗਰ (ਮੋਹਾਲੀ),** ਨੂੰ ਫਰੋਖਤ ਯਾਨੀਂ ਬੈਅ ਕਰਕੇ ਉਕਤ ਵੇਚੀ ਗਈ ਗਰੁੱਪ ਹਾਊਸਿੰਗ ਸਾਈਟ ਦਾ ਕਬਜ਼ਾ ਮਾਲਕਾਨਾ ਵਾ ਵਾਕਿਆਤੀ ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਨੂੰ ਦੇ ਦਿੱਤਾ ਹੈ। ਉਪਰੋਕਤ ਗਰੁੱਪ ਹਾਊਸਿੰਗ ਸਾਈਟ ਉਕਤ ਵਿਕਰੇਤਾ ਕੰਪਨੀ ਵਲੋਂ ਮੌਜੂਦਾ ਅਲਾਟੀ/ਖਰੀਦਦਾਰ ਸੁਸਾਇਟੀ ਦੇ ਹੱਕ ਵਿਚ ਆਪਣੇ **ਅਲਾਟਮੈਂਟ ਪੱਤਰ ਨੰ: JLPL/Group Housing/2006/92, ਮਿਤੀ: 28/01/2006,** ਰਾਹੀਂ ਅਲਾਟ ਕੀਤੀ ਗਈ ਹੈ ਅਤੇ ਪਲਾਟ ਦੀ ਮਿੱਥੀ ਗਈ 8,42,85,075/-ਰੁਪਏ (ਅੱਠ ਕਰੋੜ ਬਿਆਲੀ ਲੱਖ ਪਚਾਸੀ ਹਜਾਰ ਪੰਝੱਤਰ ਰੁਪਏ) ਦੀ ਰਕਮ ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਵੱਲੋਂ ਵਿਕਰੇਤਾ ਕੰਪਨੀ ਨੂੰ ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਮੁਤਾਬਿਕ ਪਹਿਲਾਂ ਹੀ ਅਦਾ ਕੀਤੀ ਜਾ ਚੁੱਕੀ ਹੈ। ਹੁਣ ਹੋਰ ਕੋਈ ਰਕਮ ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਵੱਲ ਬਕਾਇਆ ਨਹੀਂ ਰਹਿੰਦੀ ਹੈ। ਗਰੁੱਪ ਹਾਊਸਿੰਗ ਸਾਈਟ ਨਾਲ ਸਬੰਧਤ ਤਮਾਮ ਇਖਤਿਆਰਾਤ ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਨੂੰ ਹਾਸਲ ਹੋ ਗਏ ਹਨ ਜੋ ਚਾਹੇ ਕਰਨ ਕੋਈ ਉਜ਼ਰ ਨਹੀਂ ਹੋਵੇਗਾ। ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਨੂੰ ਉਪਰੋਕਤ ਗਰੁੱਪ ਹਾਊਸਿੰਗ ਸਾਈਟ ਦੇ ਅਲਾਟਮੈਂਟ ਪੱਤਰ ਦੀਆਂ ਤਮਾਮ ਸ਼ਰਤਾਂ ਅਤੇ ਜਨਤਾ ਲੈਂਡ ਪਰਮੋਟਰਜ਼ ਲਿਮ:/ਸਬੰਧਤ ਲੋਕਲ ਅਥਾਰਟੀਆਂ ਦੀਆਂ ਸ਼ਰਤਾਂ ਦਾ ਪਾਬੰਦ ਰਹਿਣਾ ਹੋਵੇਗਾ ਅਤੇ ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਉਕਤ ਗਰੁੱਪ ਹਾਊਸਿੰਗ ਸਾਈਟ ਦੀ ਦੇਖ-ਭਾਲ ਦੇ ਖਰਚੇ (ਮੈਨਟੇਨੈਂਸ ਚਾਰਜਿਜ਼) ਪਹਿਲਾਂ ਦੇ ਜਾਂ ਭਵਿੱਖ ਦੇ ਅਦਾ/ਵਾਹਨ ਕਰਨ ਲਈ ਪਾਬੰਦ ਹੋਵੇਗੀ। ਇਸ ਸੇਲ ਡੀਡ/ ਬੈਨਾਮੇ ਉਪਰੰਤ ਜੇਕਰ ਵਿਕਰੇਤਾ ਕੰਪਨੀ ਵਲੋਂ ਅਲਾਟ ਕੀਤਾ ਜਾਂ ਸੇਲ ਡੀਡ ਰਾਹੀਂ ਤਬਦੀਲ ਕੀਤੀ ਗਰੁੱਪ ਹਾਊਸਿੰਗ ਸਾਈਟ ਕਿਸੇ ਵੀ ਕਾਰਨ ਕਰਕੇ ਬਦਲਣੀ ਪੈਂਦੀ ਹੈ ਤਾਂ ਉਕਤ ਦਰਸਾਈ ਅਲਾਟੀ/ ਖਰੀਦਦਾਰ ਸੁਸਾਇਟੀ ਨੂੰ ਉਕਤ ਗਰੁੱਪ ਹਾਊਸਿੰਗ ਸਾਈਟ ਦੇ ਪਹਿਲਾਂ ਅਲਾਟ ਕੀਤੇ ਰਕਬੇ ਬਰਾਬਰ ਗਰੁੱਪ ਹਾਊਸਿੰਗ ਸਾਈਟ ਵਿਕਰੇਤਾ ਕੰਪਨੀ ਵਲੋਂ ਉਕਤ ਅਲਾਟੀ/ਖਰੀਦਦਾਰ ਸੁਸਾਇਟੀ ਨੂੰ

**ਚਲਦਾ ਪੰਨਾ...../4.....**

**ਬਾਇਆ : ਜਨਤਾ ਲੈਂਡ ਪਰਮੋਟਰਜ਼ ਲਿਮ:,**

**ਮਾਰਫਤ : (ਸੁਰਮੁੱਖ ਸਿੰਘ), ਓ.ਐਸ.ਡੀ.**

ਤਬਦੀਲ ਕੀਤੀ ਜਾਵੇਗੀ ਅਤੇ ਇਸ ਦੀ ਬਣਦੀ ਤਤੀਮਾ ਰਜਿਸਟਰੀ ਸੋਧਾਂ ਸਹਿਤ ਜੇ ਲੋੜ ਹੋਵੇ ਤਾਂ ਅਲਾਟੀ/ਖਰੀਦਦਾਰ ਸੁਸਾਇਟੀ ਦੇ ਨਾਮ ਕਰਵਾਉਣ ਲਈ ਵਿਕਰੇਤਾ ਕੰਪਨੀ ਅਤੇ ਅਲਾਟੀ/ਖਰੀਦਦਾਰ ਸੁਸਾਇਟੀ ਪਾਬੰਦ ਹੋਣਗੇ ਅਤੇ ਤਤੀਮਾ ਰਜਿਸਟਰੀ ਤੇ ਆਉਣ ਵਾਲੇ ਖਰਚੇ ਵਿਕਰੇਤਾ ਕੰਪਨੀ (ਜਨਤਾ ਲੈਂਡ ਪਰਮੋਟਰਜ਼ ਲਿਮਟਿਡ, ਐਸ.ਏ.ਐਸ. ਨਗਰ ਮੋਹਾਲੀ) ਵਲੋਂ ਕੀਤੇ ਜਾਣਗੇ ਪਰ ਵਿਕਰੇਤਾ ਕੰਪਨੀ ਅਤੇ ਅਲਾਟੀ/ ਖਰੀਦਦਾਰ ਸੁਸਾਇਟੀ, ਵਿਕਰੇਤਾ ਕੰਪਨੀ ਵੱਲੋਂ ਨਿਰਧਾਰਤ ਮਿਤੀ ਤੇ ਹਾਜ਼ਿਰ ਹੋ ਕੇ ਤਤੀਮਾ ਰਜਿਸਟਰੀ ਤੇ ਦਸਤਖਤ ਕਰਨ ਲਈ ਪਾਬੰਦ ਹੋਣਗੇ। ਉਕਤ ਵਿਕਰੇਤਾ ਕੰਪਨੀ ਵਲੋਂ ਬੈਨਾਮਾ ਰਜਿਸਟਰਡ ਕਰਵਾਉਣ ਸਬੰਧੀ ਜਾਰੀ ਕੀਤਾ ਗਿਆ ਪੱਤਰ ਨੰ: JLPL/Misc.-I/(JLPL-47)/ 2014/8356-57, ਮਿਤੀ: 28/08/2014, ਬੈਨਾਮੇ ਦੀ ਦਫਤਰੀ ਕਾਪੀ ਨਾਲ ਨੱਥੀ ਕੀਤਾ ਜਾਂਦਾ ਹੈ। ਹਰ ਕਿਸਮ ਦੇ ਕਾਨੂੰਨੀ ਨੁਕਸ ਦੀ ਉਕਤ ਵਿਕਰੇਤਾ ਕੰਪਨੀ ਅਤੇ ਉਸਦੀ ਹੋਰ ਜਾਇਦਾਦ ਹਰ ਹਾਲਤ ਵਿਚ ਜਿੰਮੇਵਾਰ ਹੋਵੇਗੀ ਜੇਕਰ ਉਕਤ ਜਾਇਦਾਦ ਦੀ ਮਲਕੀਅਤ ਸਬੰਧੀ ਕੋਈ ਨੁਕਸ ਨਿਕਲਦਾ ਹੈ ਤਾਂ ਉਸ ਸਥਿਤੀ ਵਿੱਚ ਉਕਤ ਵਿਕਰੇਤਾ ਕੰਪਨੀ ਤਮਾਮ ਨਤੀਜਿਆਂ ਸਬੰਧੀ ਇੰਡੀਅਨ ਰਜਿਸਟਰੇਸ਼ਨ ਐਕਟ 1908 ਦੀ ਧਾਰਾ 82 ਅਧੀਨ ਜਿੰਮੇਵਾਰ ਹੋਵੇਗੀ ਲਿਹਾਜਾ ਬੈਨਾਮਾ ਉਕਤ ਗਰੁੱਪ ਹਾਊਸਿੰਗ ਸਾਈਟ ਬਾਬਤ ਲਿੱਖ ਦਿੱਤਾ ਹੈ ਤਾਂ ਕਿ ਸੰਨਦ ਰਹੇ। ਮਜਬੂਨ ਪੜ ਕੇ ਸੁਣਾਇਆ ਗਿਆ ਸੁਣ ਕਰ ਸਮਝ ਕਰ ਦਰੁਸਤ ਮੰਨਿਆ ਗਿਆ।

ਮਿਤੀ: ......8/9/14.........

ਗਵਾਹ ਨੰ: (1)

ਬਾਇਆ :–
ਜਨਤਾ ਲੈਂਡ ਪਰਮੋਟਰਜ਼ ਲਿਮ:,

ਮਾਰਫਤ : (ਸੁਰਮੁੱਖ ਸਿੰਘ), ਓ.ਐਸ.ਡੀ.

ਗਵਾਹ ਨੰ: (2)

ਖਰੀਦਦਾਰ :–
ਦੀ ਵੈਂਬਲੇਸ ਕੋਆਪਰੇਟਿਵ
ਹਾਊਸ ਬਿਲਡਿੰਗ ਸੁਸਾਇਟੀ ਲਿਮ:,

ਮਾਰਫਤ : (ਸਵਦੀਪ ਸਿੰਘ) ਪ੍ਰਧਾਨ

Gurcharan Singh
Advocate